# ਖ਼ਾਲਸਾ ਕਾਲਜ ਵਿਖੇ ਵਿਦਿਆਰਥੀਆਂ ਨੂੰ 'ਫਿਟ ਇੰਡੀਆ ਮੂਵਮੈਂਟ' ਲਾਈਵ ਪ੍ਰੋਗਰਾਮ ਦਿਖਾਇਆ

ਅੰਮ੍ਰਿਤਸਰ, (ਸਟਾਫ ਰਿਪੋਰਟਰ)—ਖ਼ਾਲਸਾ ਕਾਲਜ ਵਿਖੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਫ਼ਿਟ ਇੰਡੀਆ ਮੂਵਮੈਂਟ ਲਾਈਵ ਪ੍ਰੋਗਰਾਮ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦਿਖਾਇਆ ਗਿਆ। ਇਸ ਦੌਰਾਨ ਕਾਲਜ ਪ੍ਰਿੰਸੀਪਲ ਡਾ: ਮਹਿਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ 'ਚ ਹਰ ਸਾਲ ਦੀ ਤਰ੍ਹਾਂ 29 ਅਗਸਤ ਖੇਡ ਦਿਵਸ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਇਸ ਦਿਨ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਵਸ ਹੈ। ਜਿਸ ਨੂੰ ਮੱਦੇਨਜ਼ਰ ਰੱਖਦਿਆਂ ਪ੍ਰਧਾਨ ਮੰਤਰੀ ਨੇ ਫਿਟ ਇੰਡੀਆ ਮੂਵਮੈਂਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਫਿਟ ਇੰਡੀਆ ਮੂਵਮੈਂਟ ਦਾ ਮਕਸਦ ਦੇਸ਼ ਦੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਸੀ। ਉਨ੍ਹਾਂ ਨੇ ਜੋ 'ਫਿਟਨੈਸ ਲੋਗੋ' ਨੂੰ ਸ੍ਰੀ ਮੋਦੀ ਦੁਆਰਾ ਲਾਂਚ ਕੀਤਾ, ਇਸ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਤੰਦਰੁਸਤ ਰਹਿਣ ਪ੍ਰਤੀ ਸਹੁੰ ਚੁਕਾਈ। ਭਾਰਤ ਦੇ ਕਈ ਲੋਕ ਨਾਚਾਂ ਨੂੰ ਵੀ ਇਸ ਪ੍ਰੋਗਰਾਮ 'ਚ ਦਰਸਾਇਆ ਗਿਆ ਜਿਨ੍ਹਾਂ ਦੁਆਰਾ ਇਨਸਾਨ ਸਿਹਤਮੰਦ ਰਹਿ ਸਕਦਾ ਹੈ। ਇਸ ਪ੍ਰੋਗਰਾਮ ਦੇ ਸਿੱਧੇ ਪ੍ਰਸਾਰਣ ਦੌਰਾਨ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਿਹਤਮੰਦ ਰਹਿਣ ਪ੍ਰਤੀ ਸਹੁੰ ਵੀ ਚੁੱਕੀ। ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁੱਖੀ ਹਰਭਜਨ ਸਿੰਘ ਰੰਧਾਵਾ, ਮੁੱਖੀ ਜੂਆਲੋਜੀ ਵਿਭਾਗ ਜਸਜੀਤ ਕੌਰ, ਪ੍ਰੋ: ਸੁਖਵਿੰਦਰ ਕੌਰ, ਪ੍ਰੋ: ਮਨੀ ਅਰੋੜਾ, ਪ੍ਰੋ: ਸੁਖਪੁਨੀਤ ਕੌਰ, ਪ੍ਰੋ: ਜੋਰਾਵਰ ਸਿੰਘ, ਪ੍ਰੋ: ਪ੍ਰਭਜੋਤ ਕੌਰ, ਪ੍ਰੋ: ਗਗਨਪ੍ਰੀਤ ਕੌਰ, ਪ੍ਰੋ: ਰਵੀ ਪਟਨੀ, ਪ੍ਰੋ: ਨਿਮਰਤ ਕੌਰ ਤੋਂ ਇਲਾਵਾ ਹੋਰ ਸਟਾਫ਼ ਤੇ ਵਿਦਿਆਰਥੀ ਮੌਜੂਦ ਸਨ।



ਖ਼ਾਲਸਾ ਕਾਲਜ ਵਿਖੇ 'ਫ਼ਿਟ ਇੰਡੀਆ ਮੂਵਮੈਂਟ' ਲਾਈਵ ਪ੍ਰੋਗਰਾਮ ਮੌਕੇ ਤੰਦਰੁਸਤ ਰਹਿਣ ਪ੍ਰਤੀ ਸਹੁੰ ਚੁੱਕਦੇ ਹੋਏ ਕਾਲਜ ਸਟਾਫ਼ ਮੈਂਬਰ ਤੇ ਵਿਦਿਆਰਥੀ।

ਤਸਵੀਰ : ਨਿਰਮਲ ਸਟੂਡੀਓ